# ਜਮਾਤ 12ਵੀਂ -ਕੰਪਿਊਟਰ ਸਾਇੰਸ
## ਮਾਡਲ ਪ੍ਰਸ਼ਨ ਪੱਤਰ (ਸੈਸ਼ਨ: 2025-26)
## (ਵਿਲੱਖਣ ਸਮਰੱਥਾ ਵਾਲੇ ਵਿਦਿਆਰਥੀਆਂ ਲਈ)

**ਸਮਾਂ:** 3 ਘੰਟੇ **ਕੁੱਲ ਅੰਕ:** 50

**ਨੋਟ:**

1. ਪ੍ਰਸ਼ਨ ਪੱਤਰ ਤਿੰਨ੍ਹ ਭਾਗਾਂ (ਭਾਗ ੳ, ਭਾਗ ਅ ਅਤੇ ਭਾਗ ੲ) ਵਿਚ ਵੰਡਿਆ ਹੋਵੇਗਾ।
2. ਭਾਗ-ੳ ਵਿਚ ਪ੍ਰਸ਼ਨ ਨੰਬਰ 1 ਤੋਂ 2 ਤੱਕ ਹੋਣਗੇ।
   i. ਪ੍ਰਸ਼ਨ ਨੰ 1 ਵਿਚ 2-2 ਅੰਕ ਵਾਲੇ 8 ਪ੍ਰਸ਼ਨ ਬਹੁ-ਵਿਕਲਪੀ ਅਤੇ ਖਾਲੀ ਥਾਵਾਂ ਭਰੋ ਕਿਸਮਾਂ ਦੇ ਹੋਣਗੇ।
   ii. ਪ੍ਰਸ਼ਨ ਨੰ 2 ਵਿਚ 2-2 ਅੰਕ ਵਾਲੇ 7 ਪ੍ਰਸ਼ਨ ਪੂਰੇ ਰੂਪ, ਸਹੀ/ਗਲਤ, ਅਤੇ ਸ਼ਾਰਟਕੱਟ ਕੀਅਜ਼ ਕਿਸਮਾਂ ਦੇ ਹੋਣਗੇ।
3. ਭਾਗ-ਅ ਵਿਚ ਪ੍ਰਸ਼ਨ ਨੰਬਰ 3 ਤੋਂ 10 ਤੱਕ 3-3 ਅੰਕਾਂ ਦੇ ਛੋਟੇ ਉੱਤਰਾਂ ਵਾਲੇ 8 ਪ੍ਰਸ਼ਨ ਹੋਣਗੇ, ਜਿਹਨਾਂ ਵਿਚੋਂ ਕੋਈ 4 ਪ੍ਰਸ਼ਨ ਹੱਲ ਕਰਨੇ ਹੋਣਗੇ।
4. ਭਾਗ-ੲ ਵਿਚ ਪ੍ਰਸ਼ਨ ਨੰਬਰ 11 ਤੋਂ 14 ਤੱਕ 4-4 ਅੰਕਾਂ ਦੇ ਵੱਡੇ ਉਤਰਾਂ ਵਾਲੇ 4 ਪ੍ਰਸ਼ਨ ਹੋਣਗੇ, ਜਿਹਨਾਂ ਵਿਚੋਂ ਕੋਈ 2 ਪ੍ਰਸ਼ਨ ਹੱਲ ਕਰਨੇ ਹੋਣਗੇ।

## ਭਾਗ-ੳ (15x2=30)
### ਵਸਤੂਨਿਸ਼ਠ ਕਿਸਮ ਦੇ ਪ੍ਰਸ਼ਨ

**ਪ੍ਰਸ਼ਨ:1 ਬਹੁ-ਵਿਕਲਪੀ ਅਤੇ ਖਾਲੀ ਥਾਵਾਂ ਭਰੋ ਕਿਸਮਾਂ ਦੇ ਪ੍ਰਸ਼ਨ**

i switch case __________ ਸਟੇਟਮੈਂਟ ਦੀ ਤਰ੍ਹਾਂ ਹੁੰਦੀ ਹੈ?
ੳ. if else
ਅ. if else if
ੲ. break
ਸ. goto

ii _____________ ਤੋਂ ਭਾਵ ਸੂਚਨਾ ਨੂੰ ਕੰਪਿਊਟਰ ਦੇ ਪੜ੍ਹਨਯੋਗ ਅਤੇ ਸੰਭਾਲ਼ਣਯੋਗ ਰੂਪ ਵਿੱਚ ਬਦਲਣ ਦੀ ਪ੍ਰੀਕ੍ਰਿਆ ਹੈ।
ੳ. ਈ-ਲਰਨਿੰਗ
ਅ. ਈ-ਕਾਮਰਸ
ੲ. ਡਿਜ਼ੀਟਾਈਜ਼ੇਸ਼ਨ
ਸ. ਨੈਟ ਬੈਕਿੰਗ

iii ____________ ਤੋਂ ਭਾਵ ਇੰਟਰਨੈਟ ਰਾਹੀਂ ਵਸਤਾਂ ਨੂੰ ਖਰੀਦਣਾ ਜਾਂ ਵੇਚਣਾ ਹੈ।
ੳ. ਈ-ਕਾਮਰਸ
ਅ. ਡਿਜੀਲੌਕਰ
ੲ. ਡਿਜੀਟਲ ਪੈਮੇਂਟ
ਸ. ਕੋਈ ਨਹੀਂ

iv ਸਰਕਾਰ ਦੀਆਂ ਔਨਲਾਈਨ ਸੇਵਾਵਾਂ ਅਤੇ ਸੁਵਿਧਾਵਾਂ ਨੂੰ ________ ਕਿਹਾ ਜਾਂਦਾ ਹੈ ।
ੳ. ਲੋਕ ਭਲਾਈ ਸੇਵਾਵਾਂ
ਅ. ਲੋਕਤੰਤਰੀ ਸੇਵਾਵਾਂ
ੲ. ਈ-ਗਵਰਨੈਂਸ
ਸ. ਇੰਟਰਨੈਟ ਸੇਵਾਵਾਂ

v ________ ਟੂਲ ਐਕਟਿਵ ਲੇਅਰ ਦੀ ਡੁਪਲੀਕੇਟ ਕਾਪੀ ਬਣਾਉਣ ਵਿਚ ਮਦਦ ਕਰਦਾ ਹੈ।

ੳ. Smudge Tool

ਅ. Dodge Tool

ੲ. Perspective Tool

ਸ. Duplicate Layer

vi ਕੰਪਿਉਟਰ ਨੂੰ ਆਡੀਓ ਫਾਈਲਜ਼ ਚਲਾਉਣ ਲਈ, ਵੱਖੋ ਵੱਖਰੇ _____ ਦੀ ਜ਼ਰੂਰਤ ਹੁੰਦੀ ਹੈ।

vii _________ ਅਤੇ ___________ ਫੰਕਸ਼ਨ ਸੀਮਾ ਵਿੱਚ ਘੱਟ ਤੋਂ ਘੱਟ ਅਤੇ ਵੱਧ ਤੋਂ ਵੱਧ ਮੁੱਲ ਲੱਭਣ ਲਈ ਵਰਤੇ ਜਾਂਦੇ ਹਨ।

viii ਆਨਲਾਈਨ ਸਿੱਖਿਆ ਸੇਵਾਵਾਂ ਦੀ ਸ਼ੁਰੂਆਤ ਦੇ ਨਾਲ, ਵਿਦਿਆਰਥੀ ________ ਦੀ ਵਰਤੋਂ ਕਰਕੇ ਕਿਸੇ ਵੀ ਜਗ੍ਹਾ ਬੈਠ ਕੇ ਵੀ ਸਿੱਖ ਸਕਦੇ ਹਨ।

ਪ੍ਰਸ਼ਨ:2 ਪੂਰੇ ਰੂਪ, ਸਹੀ/ਗਲਤ, ਅਤੇ ਸ਼ਾਰਟਕੱਟ ਕੀਅਜ਼ ਕਿਸਮਾਂ ਦੇ ਪ੍ਰਸ਼ਨ

i AI ਦਾ ਪੂਰਾ ਨਾਂ ਕੀ ਹੈ?

ii POP ਦਾ ਪੂਰਾ ਨਾਂ ਕੀ ਹੈ?

iii Wi-Fi ਦਾ ਪੂਰਾ ਨਾਂ ਕੀ ਹੈ?

iv TPS ਦਾ ਪੂਰਾ ਨਾਂ ਕੀ ਹੈ?

v ਇਕ if ਸਟੇਟਮੈਂਟ ਦਾ ਦੂਸਰੀ if ਸਟੇਟਮੈਂਟ ਵਿਚ ਲਿਖਣਾ ਨੈਸਟਡ ਲੂਪ ਅਖਵਾਉਂਦਾ ਹੈ। (ਸਹੀ/ਗਲਤ)

vi ਵੀਡਿਓ ਐਡੀਟਿੰਗ ਵਿੱਚ ਸਿਰਫ਼ ਇਕ ਵੀਡਿਓ ਕਲਿੱਪ ਦੇ ਨਾਲ ਕੰਮ ਕੀਤਾ ਜਾਂਦਾ ਹੈ। (ਸਹੀ/ਗਲਤ)

vii ਵਰਡ ਵਿਚ ਟੈਕਸਟ ਨੂੰ ਅੰਡਰਲਾਈਨ ਕਰਨ ਦੀ ਸ਼ਾਰਟਕੱਟ ਕੀਅ ਲਿਖੋ।

## ਭਾਗ-ਅ (4x3=12)

### ਛੋਟੇ ਉੱਤਰਾਂ ਵਾਲੇ ਪ੍ਰਸ਼ਨ (ਕੋਈ ਚਾਰ ਪ੍ਰਸ਼ਨ ਕਰੋ।)

ਪ੍ਰਸ਼ਨ:3 ਐਕਸਲ ਕੀ ਹੈ?

ਪ੍ਰਸ਼ਨ:4 ਤੁਸੀਂ ਐਕਸਲ ਵਿਚਲੀ ਫਾਰਮੂਲਾ ਬਾਰ ਬਾਰੇ ਕੀ ਜਾਣਦੇ ਹੋ?

ਪ੍ਰਸ਼ਨ:5 if-else ਸਟੇਟਮੈਂਟ ਕੀ ਹੈ? if-else ਸਟੇਟਮੈਂਟ ਲਈ ਇਕ ਪ੍ਰੋਗਰਾਮ ਲਿਖੋ?

ਪ੍ਰਸ਼ਨ:6 ਜੀ. ਪੀ. ਐਸ. (GPS) ਟੈਕਨੋਲੋਜੀ ਕੀ ਹੈ?

ਪ੍ਰਸ਼ਨ:7 ਇੰਨਫਰਮੇਸ਼ਨ ਟੈਕਨੋਲੋਜੀ ਵਿੱਚ ਮੌਜੁਦਾ ਚਾਰ ਰੁਝਾਨਾਂ ਦੇ ਨਾਮ ਦੱਸੋ?

ਪ੍ਰਸ਼ਨ:8 A.I. ਦੇ ਖੇਤਰ ਵਿੱਚ ਵਰਤੀਆਂ ਜਾਂਦੀਆਂ ਕੰਪਿਉਟਰ ਦੀਆਂ ਕੁੱਝ ਭਾਸ਼ਾਵਾਂ ਬਾਰੇ ਸੰਖੇਪ ਵਿੱਚ ਦੱਸੋ।

ਪ੍ਰਸ਼ਨ:9 ਆਨਲਾਇਨ ਜਾਂ ਡਿਜੀਟਲ ਪੈਮੇਂਟ ਕੀ ਹੁੰਦੀ ਹੈ?

ਪ੍ਰਸ਼ਨ:10 ਡਿਜ਼ੀਲੌਕਰ ਬਾਰੇ ਦੱਸੋ।

## ਭਾਗ-ੲ (2x4=8)

### ਵੱਡੇ ਉੱਤਰਾਂ ਵਾਲੇ ਪ੍ਰਸ਼ਨ (ਕੋਈ ਦੋ ਪ੍ਰਸ਼ਨ ਕਰੋ)

ਪ੍ਰਸ਼ਨ:11 ਟਵਿਸਟਿਡ ਪੇਅਰ ਕੇਬਲ ਕੀ ਹੈ? ਇਸਦੇ ਫਾਇਦੇ ਅਤੇ ਨੁਕਸਾਨਾਂ ਬਾਰੇ ਲਿਖੋ।

ਪ੍ਰਸ਼ਨ:12 ਸੰਚਾਰ ਮੋਡ ਕੀ ਹੈ? ਇਸ ਦੀਆਂ ਕਿਸਮਾਂ ਨੂੰ ਪਰਿਭਾਸ਼ਤ ਕਰੋ।

ਪ੍ਰਸ਼ਨ:13 ਸੇਵਾ/ਸੁਵਿਧਾ ਕੇਂਦਰਾਂ ਦੁਆਰਾ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਦੀ ਸੂਚੀ ਬਣਾਓ।

ਪ੍ਰਸ਼ਨ:14 ਆਧਾਰ ਕੀ ਹੈ? ਇਸਦੀਆਂ ਵਿਸ਼ੇਸਤਾਵਾਂ ਦੀ ਵਿਆਖਿਆ ਕਰੋ?